**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫਤਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
**ਪੰਜਾਬ ਸਕੂਲ ਸਿੱਖਿਆ ਬੋਰਡ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ**
**Email- hrpunjab@punjabeducation.gov.in**

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.), ਪੰਜਾਬ**
**ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ**
**ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)**

ਮੀਮੋ ਨੰ : ਸਸਅ/ਐਚ.ਆਰ./2022/E-55197/ 2022330859

ਮਿਤੀ : 16.12.2022

**ਵਿਸ਼ਾ : ਸਾਲ 2023-24 ਦੀ ਸਲਾਨਾ ਯੋਜਨਾ ਤਿਆਰ ਕਰਨ ਵਾਸਤੇ ਪੰਜਾਬ ਰਾਜ ਵਿੱਚ 6-19 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ (Out of School Children) ਦੀ ਸ਼ਨਾਖਤ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਸੰਬੰਧੀ ਲਿਖਿਆ ਜਾਂਦਾ ਹੈ ਕਿ ਸਕੂਲੋਂ ਵੇਰਵੇ ਬੱਚਿਆਂ ਦੀ ਸ਼ਨਾਖਤ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਇਆ ਜਾਣਾ ਹੈ (ਮਿਤੀ 20.12.2022 ਤੋਂ 16.01.2023), ਜਿਸ ਦੀਆਂ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ: -

2.0 ਰਾਜ ਸਰਕਾਰ, ਲੋਕਲ ਅਥਾਰਟੀ ਜਾਂ ਐੱਸ.ਐੱਮ.ਸੀ. ਅਤੇ ਸੰਸਥਾ (ਸਕੂਲ) ਦੇ ਮੁੱਖੀ ਦੀ ਡਿਊਟੀ ਹੈ ਕਿ ਉਹਨਾਂ ਦੇ ਖੇਤਰ ਵਿੱਚ ਕੋਈ ਵੀ 6 ਤੋਂ 19 ਸਾਲ ਦਾ ਬੱਚਾ ਸਕੂਲ ਤੋਂ ਬਾਹਰ ਨਾ ਰਹੇ। ਇਸੇ ਸੰਦਰਭ ਵਿੱਚ ਸਮੱਗਰਾ ਸਿੱਖਿਆ ਅਥਾਰਟੀ ਪੰਜਾਬ ਵੱਲੋਂ ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖ਼ਲ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾ ਕਿ ਇੱਕ ਵਿਸ਼ੇਸ ਮੁਹਿੰਮ ਚਲਾਈ ਜਾਣੀ ਹੈ। ਜਿਸ ਤਹਿਤ ਹਰੇਕ ਖੇਤਰ ਦੇ ਪਿੰਡ/ਵਾਰਡ ਵਿਚਲੇ ਜਾਂ ਉਹਨਾਂ ਦੇ ਆਲੇ-ਦੁਆਲੇ ਦੀ ਢਾਣੀਆਂ, ਭੱਠਿਆ, ਰੇਲਵੇ ਸ਼ਟੇਸ਼ਨ , ਬੱਸ ਸਟੈਂਡ, ਨਵੀਆਂ ਉਸਾਰੀਆਂ ਵਿੱਚ ਕੰਮ ਕਰਦੇ, rag picker, ਪ੍ਰਵਾਸੀ ਅਤੇ ਝੁੱਗੀਆਂ ਝੋਪੜੀਆਂ ਵਿੱਚ ਰਹਿੰਦੇ ਸਕੂਲੋਂ ਵਿਰਵੇ ਬੱਚਿਆਂ ਦੇ ਵੇਰਵੇ ਇਕੱਤਰ ਕੀਤੇ ਜਾਣਗੇ।

3.0 ਇਹ ਸਰਵੇਖਣ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਜਿਹੜੇ ਹਰੇਕ ਖੇਤਰ ਵਿੱਚ ਪੈਂਦੇ ਸਕੂਲਾਂ ਵਿੱਚ ਤਾਇਨਾਤ ਹਨ, ਉਹਨਾਂ ਤੋਂ ਕਰਵਾਇਆ ਜਾਵੇਗਾ।

4.0 ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸੂਚਨਾਂ ਲਾਜ਼ਮੀ ਸਿੱਖਿਆ ਰਜਿਸਟਰ ਅਤੇ ਪੇਂਡੂ ਸਿੱਖਿਆ ਰਜਿਸਟਰ/ ਵਾਰਡ ਸਿੱਖਿਆ ਰਜਿਸਟਰ ਵਿੱਚ ਇੰਦਰਾਜ ਕੀਤਾ ਜਾਵੇ ਤਾਂ ਕਿ ਇਹਨਾਂ ਰਜਿਸਟਰਾਂ ਵਿੱਚ ਇੰਦਰਾਜ ਕੀਤੇ ਗਏ ਬੱਚਿਆਂ ਦੀ ਵੈਰੀਫੀਕੇਸ਼ਨ ਸਮੇਂ-ਸਮੇਂ ਸਿਰ ਕੀਤੀ ਜਾ ਸਕੇ।

1. **ਸਰਵੇਖਣ ਕਰਤਾ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਅਤੇ ਸਕੂਲ ਅਧਿਆਪਕਾਂ ਲਈ ਦਿਸ਼ਾ-ਨਿਰਦੇਸ਼:**

1) ਹਰੇਕ ਸ.ਪ੍ਰ.ਸ./ਸ.ਮਿ.ਸ./ਸ.ਹ.ਸ./ਸ.ਸ.ਸ.ਸ. ਦੇ ਸਬੰਧਤ ਸਰਵੇਖਣ ਕਰਤਾ ਏ.ਆਈ.ਈ./ ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਵੱਲੋਂ ਇਹ ਸਪੈਸ਼ਲ ਸਰਵੇਖਣ ਉਸੇ ਪਿੰਡ/ ਵਾਰਡ ਵਿੱਚ ਕੀਤਾ ਜਾਵੇਗਾ, ਜਿਥੇ ਉਹ ਤਾਇਨਾਤ ਹਨ।

2) ਇਸ ਸਰਵੇਖਣ ਵਿੱਚ 6 ਤੋਂ 19 ਸਾਲ ਤੱਕ ਦੇ ਸਕੂਲੋਂ ਵਿਰਵੇ ਬੱਚਿਆਂ ਨੂੰ ਸਾਮਲ ਕੀਤਾ ਜਾਵੇਗਾ ਖਾਸ ਕਰਕੇ ਉਹ ਬੱਚੇ (ਖਾਸ ਕਰਕੇ ਕੁੜੀਆਂ) ਜਿਹੜੇ ਕਿ ਖੇਤਾਂ ਵਿਚਲੇ ਘਰ, ਭੱਠਿਆਂ, ਰੇਲਵੇ ਸਟੇਸ਼ਨਾਂ, ਝੁੱਗੀ ਝੋਪੜੀਆਂ ਆਦਿ ਵਿੱਚ ਰਹਿੰਦੇ ਹਨ ਜਾਂ ਨਵੀਂ ਉਸਾਰੀਆਂ ਵਾਲੀਆਂ ਥਾਵਾਂ ਤੇ ਅਤੇ ਜਾਂ ਘਰਾਂ 'ਚ ਕੰਮ ਕਰਦੇ ਹਨ। ਇਸ ਦੇ ਨਾਲ ਹੀ ਪਿੰਡ/ਇਲਾਕੇ ਦੇ ਸਕੂਲੋਂ ਵਿਰਵੇ ਬਾਕੀ ਬੱਚਿਆਂ ਨੂੰ ਸਰਵੇ ਵਿੱਚ ਸ਼ਾਮਿਲ ਕੀਤਾ ਜਾਵੇਗਾ।

3) ਸਰਵੇਖਣ ਦੌਰਾਨ ਕੇਵਲ ਉਹੀ ਬੱਚਾ ਸਕੂਲੋਂ ਵਿਰਵਾ ਮੰਨਿਆ ਜਾਵੇ ਜੋ ਕਿ ਕਦੇ ਵੀ ਕਿਸੇ ਵੀ ਸਕੂਲ ਵਿੱਚ ਦਾਖਲ ਨਾ ਹੋਇਆ ਹੋਵੇ ਭਾਵ Never Enrolled ਹੋਵੇ ਜਾਂ ਫਿਰ ਸਕੂਲ ਦੀ ਪੜ੍ਹਾਈ ਅੱਧ ਵਿਚਕਾਰ ਛੱਡ ਗਿਆ ਹੋਵੇ ਭਾਵ Drop-out ਹੋਵੇ।

4) ਸਰਵੇਖਣ ਦੌਰਾਨ ਜੇਕਰ ਕੋਈ ਵੀ ਸਕੂਲੋਂ ਵਿਰਵਾ ਬੱਚਾ ਅੰਗਹੀਣ (Disabled) ਪਾਇਆ ਜਾਂਦਾ ਹੈ ਤਾਂ ਉਸਦੇ ਅੰਗਹੀਣ ਹੋਣ ਦਾ ਮੁੱਖ ਕਾਰਨ ਜ਼ਰੂਰ ਨੋਟ ਕੀਤਾ ਜਾਵੇ।

5) ਸਰਵੇਖਣ ਦੌਰਾਨ ਲੋੜ ਪੈਣ ਤੇ ਸਕੂਲ ਮੈਨਜ਼ਮੈਟ ਕਮੇਟੀ (SMC) ਦੇ ਮੈਂਬਰਾਂ ਦੀ ਵੀ ਮਦਦ ਲਈ ਜਾ ਸਕਦੀ ਹੈ।

6) ਸਰਵੇਖਣ ਸੰਬੰਧੀ ਸਮੂਹ ਕੰਮ-ਕਾਜ ਮਿਤੀ: **20.12.2022 ਤੋਂ 16.01.2023** ਤੱਕ ਮੁਕੰਮਲ ਕੀਤਾ ਜਾਵੇ।

7) ਇਹ ਸਰਵੇਖਣ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਵੱਲੋਂ ਸਕੂਲ ਮੁੱਖੀ ਦੀ ਦੇਖ-ਰੇਖ ਹੇਠ ਕੀਤਾ ਜਾਵੇਗਾ।

**II. ਸਕੂਲ ਮੁੱਖੀ ਲਈ ਦਿਸ਼ਾ-ਨਿਰਦੇਸ਼:**

1) ਸਮੁੱਚਾ ਸਰਵੇਖਣ ਸਬੰਧਤ ਸ.ਪ੍ਰ.ਸ/ਸ.ਮਿ.ਸ./ਸ.ਹ.ਸ./ਸ.ਸ.ਸ.ਸ. ਦੇ ਸਕੂਲ ਮੁੱਖੀ/ਇੰਚਾਰਜ ਦੀ ਦੇਖ ਰੇਖ ਹੇਠ ਹੋਵੇਗਾ।

2) ਸਬੰਧਤ ਸਕੂਲ ਮੁੱਖੀ ਵਲੋਂ ਸੰਬੰਧਤ ਸਰਵੇਖਣ ਕਰਤਾ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਨੂੰ ਸਰਵੇਖਣ ਕਰਨ ਲਈ ਨਿਰਧਾਰਤ ਸਰਵੇਖਣ ਫਾਰਮ ਸਬੰਧਤ ਬੀ.ਪੀ.ਈ.ਓ. ਤੋਂ ਉਪਲਬਧ ਕਰਵਾ ਕੇ ਦੇਵੇਗਾ ਅਤੇ ਸਮੇਂ-ਸਮੇਂ ਤੇ ਸੰਬੰਧਤ ਸਰਵੇਖਣ ਕਰਤਾ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਨੂੰ ਸਰਵੇਖਣ ਵਿਧੀ ਸੰਬੰਧੀ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਮੁਹੱਇਆ ਕਰਵਾਏਗਾ।

3) ਸੰਬੰਧਤ ਸਕੂਲ ਮੁੱਖੀ ਸਬੰਧਤ ਸਰਵੇਖਣ ਕਰਤਾ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਪਾਸੋਂ ਸਮੁੱਚੀ ਸਰਵੇਖਣ ਰਿਪੋਰਟ ਪ੍ਰਾਪਤ ਕਰਕੇ ਇਸ ਰਿਪੋਰਟ ਵਿਚ ਸ਼ਾਮਲ ਕੀਤੇ ਗਏ ਸਮੂਹ ਸਕੂਲੋਂ ਵਿਰਵੇ ਬੱਚਿਆਂ ਦਾ ਰਿਕਾਰਡ ਲਾਜ਼ਮੀ/ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿਚ ਮਿਤੀ 06.01.2023 ਤੱਕ ਹਰ ਹਾਲਤ ਵਿਚ ਇੰਦਰਾਜ ਕਰੇਗਾ।

4) ਲਾਜ਼ਮੀ ਸਿੱਖਿਆ ਰਜਿਸਟਰ ਅਤੇ ਪੇਂਡੂ ਸਿੱਖਿਆ ਰਜਿਸਟਰ ਵਿਚ ਨਵੇਂ ਲੱਭੇ/ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦਾ ਵਰਤਮਾਨ ਸਟੇਟਸ ਵੀ ਰਜਿਸਟਰਾਂ ਵਿਚ ਇੰਦਰਾਜ ਕਰਨਾ ਹਰ ਸੀਨੀਅਰ ਸੈਕੰਡਰੀ/ਹਾਈ ਸਕੂਲ/ਐਲੀਮੈਂਟਰੀ ਸਕੂਲ ਦੇ ਮੁੱਖੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।

5) ਜੇਕਰ ਕਿਸੇ ਵੀ ਸਕੂਲੋਂ ਵਿਰਵਾ ਬੱਚੇ ਦਾ ਡਾਟਾ ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿਚ ਇੰਦਰਾਜ ਹੋਏ ਬਿਨਾਂ ਰਹਿ ਜਾਂਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਸੰਬੰਧਤ ਸਕੂਲ ਮੁੱਖੀ ਦੀ ਹੋਵੇਗੀ।

6) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਂਪਲ ਚੈਕਿੰਗ ਕਲੱਸਟਰ ਪੱਧਰ ‘ਤੇ ਸੰਬੰਧਤ ਪ੍ਰਿੰਸੀਪਲ, ਹੈੱਡ ਮਾਸਟਰ ਅਤੇ ਸੈਂਟਰ ਹੈੱਡ ਟੀਚਰ ਵਲੋਂ ਮਿਤੀ 10.01.2023 ਤੱਕ ਕੀਤੀ ਜਾਵੇਗੀ।

7) ਸਰਵੇਖਣ ਦੀ 10% ਸੈਂਪਲ ਚੈਕਿੰਗ ਹੋਣ ਤੋਂ ਬਾਅਦ ਸੰਬੰਧਤ ਸਕੂਲ ਮੁੱਖੀ ਉਹਨਾਂ ਦੇ ਖੇਤਰ ਵਿਚ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸਮੂਹ ਸੂਚਨਾ ਇੱਕਤਰ ਕਰਕੇ ਆਪਣੇ ਬੀ.ਪੀ.ਈ.ਓ ਦਫ਼ਤਰ ਵਿਚ ਲੈਕੇ ਜਾਣਗੇ ਅਤੇ ਇਸ ਦਫ਼ਤਰ ਦੇ ਸੰਬੰਧਤ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਦੀਆਂ ਸੇਵਾਵਾਂ ਲੈ ਕੇ ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਆਨ-ਲਾਈਨ (On-line) ਐਂਟਰੀ ਕਰਵਾਉਣਗੇ। ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਮਿਤੀ 12.01.2023 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

8) ਹਰੇਕ ਪ੍ਰਿੰਸੀਪਲ, ਹੈੱਡ ਮਾਸਟਰ ਅਤੇ ਐਲੀਮੈਂਟਰੀ ਸਕੂਲ ਮੁੱਖੀ ਸੰਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਸੰਬੰਧਤ ਵਾਰਡ/ਪਿੰਡ ਵਿਚ 6 ਤੋਂ 19 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਬੱਚਾ ਸਰਵੇ ਵਿੱਚ ਕਵਰ ਕਰਨ ਤੋਂ ਨਹੀ ਰਿਹਾ।

**III. ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਈ ਦਿਸ਼ਾ-ਨਿਰਦੇਸ਼:-**

1) ਸੰਬੰਧਤ ਸਕੂਲ ਮੁਖੀਆਂ ਵੱਲੋਂ ਬੀ.ਪੀ.ਈ.ਓ. ਦਫਤਰ ਵਿਖੇ ਇੱਕਤਰ ਕਰਕੇ ਲਿਆਂਦੀ ਗਈ ਸਕੂਲੋਂ ਵਿਰਵੇ ਬੱਚਿਆਂ ਦੀ ਸੂਚਨਾ ਅਨੁਸਾਰ ਸਮੂਹ ਬੱਚਿਆਂ ਦੀ ਆਨਲਾ-ਈਨ ਐਂਟਰੀ ਕਰਵਾਉਣ ਦੀ ਪੂਰੀ ਜ਼ਿੰਮੇਵਾਰੀ ਸੰਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਹੋਵੇਗੀ।

2) ਇਹ ਆਨ-ਲਾਈਨ ਐਂਟਰੀ ਲਈ ਸੰਬੰਧਤ ਬੀ.ਪੀ.ਈ.ਓ. ਵੱਲੋਂ ਆਪਣੇ ਦਫ਼ਤਰ ਦੇ ਡਾਟਾ ਐਂਟਰੀ ਆਪਰੇਟਰ-ਕਮ-ਆਫਿਸ ਅਸਿਸਟੈਂਟ ਤੋਂ ਕਰਵਾਈ ਜਾਵੇਗੀ।

3) ਬੀ.ਪੀ.ਈ.ਓ ਦਫ਼ਤਰ ਦੇ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਨੂੰ ਮੁੱਖ ਦਫ਼ਤਰ ਵੱਲੋਂ ਤਿਆਰ ਕੀਤੇ ਗਏ ਸਾਫਟਵੇਅਰ ਵਿਚ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਇਨ ਐਂਟਰੀ ਦੀ ਟ੍ਰੇਨਿੰਗ ਸੰਬੰਧਤ ਜ਼ਿਲ੍ਹਾ ਐੱਮ.ਆਈ.ਐੱਸ ਕੋਆਰਡੀਨੇਟਰ ਅਤੇ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਵੱਲੋਂ ਦਿੱਤੀ ਜਾਵੇਗੀ। ਹਰੇਕ ਜ਼ਿਲ੍ਹੇ ਦੇ ਹਰੇਕ ਬਲਾਕ ਦੇ ਬੀ.ਪੀ.ਈ.ਓ ਦਫ਼ਤਰ ਨੂੰ ਅਲੱਗ-ਅਲੱਗ Login-ID ਅਤੇ Password ਦਿੱਤਾ ਜਾਵੇਗਾ।

4) ਸੰਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਸੰਬੰਧਤ ਬੀ.ਪੀ.ਈ.ਓ ਦਫ਼ਤਰ ਮੁਕੰਮਲ ਕੀਤਾ ਜਾਵੇਗਾ।

5) ਸ਼ਨਾਖਤ ਕੀਤੇ ਬੱਚਿਆਂ ਦੀ ਸਾਫਟਵੇਅਰ ਵਿੱਚ ਸਹੀ ਆਨ-ਲਾਈਨ ਐਂਟਰੀ ਕਰਵਾਉਣਾ ਅਤੇ ਪੂਰੇ ਆਨ-ਲਾਈਨ ਡਾਟੇ ਦੀ ਪੜਚੋਲ ਕਰਨ ਦੀ ਨਿਰੋਲ ਜ਼ਿੰਮੇਵਾਰੀ ਸੰਬੰਧਤ ਬੀ.ਪੀ.ਈ.ਓ. ਦੀ ਹੋਵੇਗੀ।

6) ਸਰਵੇਖਣ ਦੌਰਾਨ ਸੰਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ 10% ਸੈਂਪਲ ਚੈਕਿੰਗ ਸੰਬੰਧਤ ਬੀ.ਪੀ.ਈ.ਓ. ਵੱਲੋਂ ਮਿਤੀ 13.01.2023 ਤੱਕ ਹਰ ਹਾਲਤ ਵਿਚ ਕਰ ਲਈ ਜਾਵੇ।

7) ਹਰੇਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਬਲਾਕ ਵਿਚ 6 ਤੋਂ 19 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਹੀਂ ਹੈ।

IV. ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਲਈ ਦਿਸ਼ਾ-ਨਿਰਦੇਸ਼:-

1) ਇਸ਼ ਸਪੈਸ਼ਲ ਸਰਵੇਖਣ ਲਈ ਹਰੇਕ ਪਿੰਡ/ਵਾਰਡ ਵਿੱਚ 100 ਤੱਕ ਦੀ ਗਿਣਤੀ ਵਾਲੇ ਪਰਿਵਾਰ ਲਈ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਅਤੇ ਇਸ ਤੋਂ ਵੱਧ ਗਿਣਤੀ ਵਾਲੇ ਪਰਿਵਾਰਾਂ ਵਾਲੇ ਪਿੰਡਾ/ਵਾਰਡਾਂ ਵਿੱਚ ਸਰੇਵਖਣ ਕਰਵਾਉਣ ਲਈ ਲੋੜ ਅਨੁਸਾਰ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਤਾਇਨਾਤ ਕਰਨ ਦੀ ਨਿਰੋਲ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਦੀ ਹੋਵੇਗੀ।

2) ਜੇਕਰ ਕਿਸੇ ਵਾਰਡ/ਪਿੰਡ ਵਿਚ ਸਕੂਲ ਨਹੀਂ ਹੈ ਤਾਂ ਨਾਲ ਲਗਦੇ ਵਾਰਡ/ਪਿੰਡ ਦੇ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਤੋਂ ਸਰਵੇਖਣ ਕਰਵਾਉਣ ਦੀ ਜ਼ਿੰਮੇਵਾਰੀ ਵੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ ਹੋਵੇਗੀ।

3) ਜੇਕਰ ਕੋਈ ਵੀ ਸ.ਪ੍ਰ.ਸ./ਸ.ਮਿ.ਸ./ਸ.ਹ.ਸ./ਸ.ਸ.ਸ.ਸ. ਕਿਸੇ ਵੀ ਵਾਰਡ/ਪਿੰਡ ਤੋਂ ਬਹੁਤ ਜ਼ਿਆਦਾ ਦੂਰੀ ਤੇ ਹਨ ਤਾਂ ਉਸ ਵਾਰਡ/ਪਿੰਡ ਵਿਚ ਸਰਵੇਖਣ ਕਰਵਾਉਣ ਲਈ ਸੰਬੰਧਤ ਸ.ਸ.ਸ.ਸ. ਦੇ ਮੁੱਖ ਬੀ.ਪੀ.ਈ.ਓ. ਨਾਲ ਸਪੰਰਕ ਕਰਕੇ ਨਾਲ ਪੈਂਦੇ ਪਿੰਡ ਤੋਂ ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ ਨੂੰ ਤਾਇਨਾਤ ਕਰਨ ਦੀ ਜ਼ਿੰਮੇਵਾਰੀ ਸੰਬੰਧਤ ਸਕੂਲ ਮੁੱਖੀ ਦੀ ਹੋਵੇਗੀ।

4) ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਲਈ ਸਰਵੇਖਣ ਦੀ ਕੰਮ ਠੀਕ ਰੂਪ ਵਿੱਚ ਅਤੇ ਵੇਲੇ ਸਿਰ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਦੀ ਹੋਵੇਗੀ।

5) ਸਰਵੇਖਣ ਫਾਰਮੇਟਜ਼ ਅਤੇ ਸਮਰੀ ਫਾਰਮੇਟਜ਼ ਦੇ ਨਮੂਨੇ ਸਮੱਗਰਾ ਸਿੱਖਿਆ ਅਭਿਆਨ ਦੀ ਮੁੱਖ ਵੈੱਬਸਾਇਟ ਤੇ ਉਪਲਬਧ ਹੋਣਗੇ ਅਤੇ ਇਹ ਫਾਰਮੇਟਜ਼ ਇਸ ਕੰਪੋਨੈਂਟ ਦੀ ਈ-ਮੇਲ ਰਾਹੀਂ ਵੀ ਭੇਜੇ ਜਾਣਗੇ। ਸਮੂਹ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਇਹ ਫਾਰਮੇਟਜ਼ ਸਬੰਧਤ ਅਧਿਆਪਕਾਂ/ਸਰਵੇਖਣ ਕਰਤਾ ਨੂੰ ਉਪਲਬਧ ਕਰਵਾਉਣਾ ਯਕੀਨੀ ਬਣਾਉਣਗੇ। ਇਸ ਤੇ ਆਉਣ ਵਾਲਾ ਸਮੂਹ ਖਰਚਾ ਸਪੈਸ਼ਲ ਟ੍ਰੇਨਿੰਗ ਮੱਦ ਵਿਚੋਂ ਕੀਤਾ ਜਾਵੇਗਾ।

6) ਹਰੇਕ ਜ਼ਿਲ੍ਹੇ ਦੇ ਸਮੂਚੇ ਪਿੰਡਾਂ/ਵਾਰਡਾਂ ਵਿਚ ਸਰਵੇਖਣ ਕਰਵਾਉਣ ਦਾ ਕੰਮ ਨਿਸ਼ਚਿਤ ਸਮੇਂ ਤੱਕ ਸਮਾਪਤ ਕੀਤਾ ਜਾਵੇਗਾ।

7) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਪਲ ਚੈਕਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਅਤੇ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਮਿਤੀ 14.01.2023 ਤੱਕ ਹਰ ਹਾਲਤ ਵਿਚ ਕਰ ਲਈ ਜਾਵੇ।

8) ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦਾ ਬਲਾਕ ਵਾਈਜ਼ ਆਨ-ਲਾਇਨ ਡਾਟਾ ਸੰਬੰਧਤ ਬਲਾਕ ਤੋਂ ਕੰਪਿਊਟਰ ਦੀ ਆਨ-ਲਾਇਨ ਵਿਧੀ ਰਾਹੀਂ ਸੰਬੰਧਤ ਜ਼ਿਲ੍ਹੇ ਦੇ ਐੱਮ.ਆਈ.ਐੱਸ. ਕੋਆਰਡੀਨੇਟਰ ਜਾਂ ਫਿਰ

ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਨੂੰ ਪਹੁੰਚਦਾ ਕੀਤਾ ਜਾਵੇਗਾ ਅਤੇ ਇਸ ਉਪਰੰਤ ਇਸੇ ਆਨ-ਲਾਇਨ ਵਿਧੀ ਰਾਹੀਂ ਸਮੂਹ ਜ਼ਿਲ੍ਹਿਆਂ ਵਿਚ ਸ਼ਨਾਖਤ ਕੀਤੇ ਗਏ ਸਮੂਹ ਸਕੂਲੋਂ ਵਿਰਵੇ ਬੱਚਿਆ ਦਾ ਡਾਟਾ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਵੱਲੋਂ ਮੁੱਖ ਦਫ਼ਤਰ ਨੂੰ ਪਹੁੰਚਦਾ ਕੀਤਾ ਜਾਵੇਗਾ।

9) ਹਰੇਕ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਮੁੱਖ ਦਫ਼ਤਰ ਨੂੰ ਮਿਤੀ 16.01.2023 ਤੱਕ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਜ਼ਿਲ੍ਹੇ ਵਿਚ 6 ਤੋਂ 19 ਸਾਲ ਦੀ ਉਮਰ ਦਾ ਕੋਈ ਸਕੂਲੋਂ ਵਿਰਵਾ ਬੱਚਾ ਸਰਵੇ ਵਿੱਚ ਆਉਣ ਤੇ ਨਹੀਂ ਰਹਿ ਗਿਆ। (ਇਸ ਸਰਟੀਫਿਕੇਟ ਦਾ ਨਮੂਨਾ ਅਤੇ ਨਿਰਧਾਰਤ ਫਾਰਮੇਟਸ ਨਾਲ ਨੱਥੀ ਕੀਤੇ ਗਏ ਹਨ)। ਇਹ ਫਾਰਮੇਟਸ ਸੰਬੰਧਤ ਅਧਿਕਾਰੀ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਉਪਲਬਧ ਕਰਵਾਉਣਗੇ।

5.0 ਇਸ ਸਪੈਸ਼ਲ ਸਰਵੇਖਣ ਦੇ ਸਮੂਹ ਰਿਕਾਰਡ ਨੂੰ ਮੈਨਟੇਨ ਕਰਨ ਦੀ ਜ਼ਿੰਮੇਵਾਰੀ ਸੰਬੰਧਤ ਪਿੰਡ/ਵਾਰਡ ਦੇ ਸੂਕਲ ਮੁੱਖੀ ਦੀ ਹੋਵੇਗੀ ਅਤੇ ਜੇਕਰ ਕਿਸੇ ਪਿੰਡ/ਵਾਰਡ ਵਿਚ ਇੱਕ ਤੋਂ ਵੱਧ ਸਕੂਲ ਪੈਂਦੇ ਹਨ ਤਾਂ ਸਰਵੇਖਣ ਦੇ ਰਿਕਾਰਡ ਨੂੰ ਮੈਨਟੇਨ ਕਰਨ ਸੰਬੰਧੀ ਫੈਸਲਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵੱਲੋਂ ਕੀਤਾ ਜਾਵੇਗਾ।

6.0 ਸਪੈਸ਼ਲ ਸਰਵੇਖਣ ਦੀ ਸਮੂਹ ਪ੍ਰਕ੍ਰਿਆ ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਆਪਸ ਵਿਚ ਤਾਲਮੇਲ ਕਰਕੇ ਸਮੇਂ-ਸਿਰ ਨੇਪਰੇ ਚਾੜ੍ਹਨਗੇ।

7.0 ਦਿਸ਼ਾ-ਨਿਰਦੇਸ਼ਾਂ ਦੀ ਕਾਪੀ ਅਤੇ ਸਰਵੇ ਸੰਬੰਧੀ ਪ੍ਰੋਫਾਰਮੇ ਸਮੱਗਰਾ ਸਿੱਖਿਆ ਅਭਿਆਨ, ਪੰਜਾਬ ਦੀ ਮੁੱਖ ਵੈੱਬਸਾਈਡ ssapunjab.org ਤੋਂ ਡਾਊਨਲੋਡ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

8.0 ਜੇਕਰ ਕਿਸੇ ਪਿੰਡ/ ਵਾਰਡ/ ਸ਼ਹਿਰ ਵਿੱਚ ਏ.ਆਈ.ਈ./ਐੱਸ.ਟੀ.ਆਰ./ਈ.ਜੀ.ਐੱਸ. ਵਲੰਟੀਅਰਜ਼ ਤਾਇਨਾਤ/ਮੌਜੂਦ ਨਾਂ ਹੋਣ ਤਾਂ ਉਸ ਪਿੰਡ/ਵਾਰਡ/ਸ਼ਹਿਰ ਦੇ ਨਾਲ ਲਗਦੇ ਸ.ਪ੍ਰ.ਸ/ਸ.ਮਿ.ਸ/ਸ.ਹ.ਸ./ਸ.ਸ.ਸ.ਸ. ਦੇ ਸਿੱਖਿਆ ਪ੍ਰੋਵਾਈਡਰਜ਼/ ਅਧਿਆਪਕਾਂ ਦੁਆਰਾ ਉਕਤ ਸਰਵੇਖਣ ਸਕੂਲ ਮੁੱਖੀ ਦੀ ਦੇਖ-ਰੇਖ ਹੇਠ ਕੀਤਾ ਜਾਵੇਗਾ ਤਾਂ ਜੋ ਸਰਵੇਖਣ ਦੌਰਾਨ ਹਰ ਇੱਕ ਪਿੰਡ/ਵਾਰਡ/ਸ਼ਹਿਰ ਕਵਰ ਕੀਤਾ ਜਾ ਸਕੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਸਮੂਹ ਬੀ.ਪੀ.ਈ.ਓ. ਨੂੰ ਇਹ ਯਕੀਨੀ ਬਣਾਉਣਗੇ ਕਿ ਉਹਨਾਂ ਦੇ ਅਧੀਨ ਪੈਂਦੇ ਪਿੰਡ/ਵਾਰਡ/ਸ਼ਹਿਰ ਸਕੂਲੋਂ ਵਿਰਵੇ ਬੱਚਿਆਂ ਦੇ ਸਰਵੇਖਣ ਤੋਂ ਵਾਂਝਾ ਨਹੀਂ ਰਹੇ ਹਨ।

9.0 ਸਰਵੇ ਕਰਵਾਉਣ ਉਪਰੰਤ ਡਾਟਾ Child Tracking System ਅਤੇ Parbandh Portal (2023-24) 'ਤੇ ਅਪਡੇਟ ਕੀਤਾ ਜਾਵੇ।

ਉਕਤ ਅਨੁਸਾਰ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਵਰਿੰਦਰ ਕੁਮਾਰ ਸ਼ਰਮਾ (ਆਈ.ਏ.ਐੱਸ.)
ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ।ਨੰ : ਉਕਤ ਮਿਤੀ : 16.12.2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

1. **ਸਮੂਹ ਡਿਪਟੀ ਕਮਿਸ਼ਨਰਜ਼ (ਪੰਜਾਬ)** ਨੂੰ ਪੱਤਰ ਦਾ ਉਤਾਰਾ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਵਿੱਚ Child Welfare Council ਨੂੰ ਹਦਾਇਤ ਕੀਤੀ ਜਾਵੇ ਕਿ ਉਹਨਾਂ ਵੱਲੋਂ ਉਕਤ ਸਰਵੇ ਵਿੱਚ ਸਕੂਲੋਂ ਵਿਰਵੇ ਬੱਚਿਆਂ (Out of School Children) ਦੀ ਸ਼ਨਾਖਤ ਕਰਵਾਉਣ ਵਿੱਚ ਮਦਦ ਕੀਤੀ ਜਾਵੇ।
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.), ਪੰਜਾਬ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।

# ਸਰਵੇਖਣ ਦੀ ਸਮਰੀ

## (ਸਬੰਧਤ ਕਲਸਟਰ/ਬੀ.ਪੀ.ਈ.ਓ./ਜ਼ਿ.ਸਿੱ.ਅ.(ਸੈ.ਸਿੱ./ਐ.ਸਿੱ.) ਲਈ

ਜ਼ਿਲ੍ਹਾ     ਸਿੱਖਿਆ ਬਲਾਕ :     ਸੀ.ਡੀ. ਬਲਾਕ :

ਪਿੰਡ/ਵਾਰਡ/ਕਸਬਾ :     ਸਕੂਲ ਮੈਨਜਮੈਂਟ ਕਮੇਟੀ ਅਤੇ ਸਕੂਲ ਦਾ ਨਾਂ     ਘਰੋਂ ਘਰੀ ਸਰਵੇਖਣ ਦੀ ਮਿਤੀ :

6-19 ਸਾਲ ਦੇ ਸਕੂਲੋਂ ਬਾਹਰ/ ਸਕੂਲੋਂ ਵਿਰਵੇਂ ਬੱਚਿਆਂ ਦੀ ਸੂਚਨਾਂ ਦਾ ਸਮੀਕਰਣ

| ਲੜੀ ਨੰ: | | ਕੁੱਲ ਬੱਚੇ | | | | ਕਦੇ ਵੀ ਸਕੂਲ ਵਿੱਚ ਦਾਖਲ ਨਹੀਂ ਹੋਏ | ਡਰਾਪ ਆਊਟਸ | ਪੱਕੇ ਵਸਨੀਕ | ਮਾਈਗ੍ਰੇਟ | ਪ੍ਰਾਇਵੇਟ ਸਕੂਲ ਵਿੱਚ ਦਾਖਲ ਹੋਏ | CWSN | | | | ਮੁਸਕਲ ਹਲਾਤਾਂ ਵਾਲੇ ਬੱਚੇ | | | | | | | | | ਜਨਰਲ/ਬੀ.ਸੀ. | | | ਐਸ.ਸੀ. | | | ਐਸ.ਟੀ. | | | ਮੁਸਲਿਮ | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | ਮੁੰਡੇ | ਕੁੜੀਆਂ | ਕੋਈ ਹੋਰ | ਜੋੜ | | | | | | Ortho | Mental | Deaf and Dumb | Blind | ਭਿਖਾਰੀ | ਟੈਂਟ ਹਾਊਸ | ਸੱਲਮ ਏਰੀਆ | ਉਸਾਰੀ ਦੇ ਕੰਮ 'ਚ | ਰੇਲਵੇ ਸਟੇਸ਼ਨਾਂ ਤੇ ਰਹਿੰਦੇ | ਭੱਠਿਆਂ ਤੇ ਰਹਿੰਦੇ | ਅਨਾਥ | ਢਾਬਿਆਂ ਤੇ ਕੰਮ ਕਰਦੇ | ਸਪੈਸ਼ਲ ਹੋਮਜ਼ ਵਿੱਚ ਰਹਿੰਦੇ | ਮੁੰਡੇ | ਕੁੜੀਆਂ | ਜੋੜ | ਮੁੰਡੇ | ਕੁੜੀਆਂ | ਜੋੜ | ਮੁੰਡੇ | ਕੁੜੀਆਂ | ਜੋੜ | ਮੁੰਡੇ | ਕੁੜੀਆਂ | ਜੋੜ |
| 1 | ਸਕੂਲੋਂ ਬਾਹਰ 6 ਤੋਂ 7 ਸਾਲ ਦੇ ਬੱਚਿਆਂ ਦੀ ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | | |
| 2 | ਸਕੂਲੋਂ ਬਾਹਰ 7 ਤੋਂ 10 ਸਾਲ ਦੇ ਬੱਚਿਆਂ ਦੀ ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | | |
| 3 | ਸਕੂਲੋਂ ਬਾਹਰ 10 ਤੋਂ 14 ਸਾਲ ਦੇ ਬੱਚਿਆਂ ਦੀ ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | | |
| 4 | ਸਕੂਲੋਂ ਬਾਹਰ 15 ਤੋਂ 19 ਸਾਲ ਦੇ ਬੱਚਿਆਂ ਦੀ ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | | |
| ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | | | |

---------------------------------------

ਸਕੂਲ ਮੁੱਖੀ/ਬੀ.ਪੀ.ਈ.ਓ./ਜ਼ਿ.ਸਿੱ.ਅ (ਐ.ਸਿੱ.) ਦੇ ਹਸਤਾਖਰ

<u>ਲਾਜ਼ਮੀ ਤਾਲੀਮ ਦਾ ਘਰਵਾਰ ਵੇਰਵਾ</u>

| ਲੜੀ ਨੰ: | ਘਰ ਦਾ ਪਤਾ | ਪਰੀਵਾਰ ਦੇ ਮੁੱਖੀ ਦਾ ਵੇਰਵਾ | ਫੋਨ ਨੰਬਰ | 6-19 ਸਾਲ ਦੇ ਬੱਚੇ | | | | 6-19 ਸਾਲ ਦੇ ਬੱਚਿਆਂ ਦੇ ਨਾਮ | ਜਨਮ ਮਿਤੀ | ਉਮਰ ਗਰੁੱਪ | ਬੱਚੇ ਨਾਲ ਮੁੱਖੀ ਦਾ ਰਿਸ਼ਤਾ | ਸ੍ਰੈਣੀ (✓ ਜਾਂ × ਕਰੋ) | | | | | | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|---|---|---|---|
| | | | | ਮੁੰਡੇ | ਕੁੜੀ | ਕੋਈ ਹੋਰ | ਜੋੜ | | | | | ਜਨਰਲ | ਬੀ.ਸੀ. | ਐਸ.ਸੀ. | ਐਸ.ਟੀ. | ਮੁਸਲਿਮ | ਕੋਈ ਹੋਰ | |
| 1 | | | | | | | | | | | | | | | | | | |
| 2 | | | | | | | | | | | | | | | | | | |
| 3 | | | | | | | | | | | | | | | | | | |
| 4 | | | | | | | | | | | | | | | | | | |
| 5 | | | | | | | | | | | | | | | | | | |

## ਪ੍ਰੀ-ਪ੍ਰਾਇਮਰੀ ਜਮਾਤਾਂ ਦੀ ਗਿਣਤੀ ਵਧਾਉਣ ਸਬੰਧੀ (3-6 ਸਾਲ ਦੇ ਬੱਚੇ) ਦੀ ਸਰਵੇਖਣ ਸਮਰੀ

(ਈ.ਟੀ.ਟੀ. ਸਿਖਿਆਰਥੀ/ ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰ/ਸਬੰਧਤ ਕਲਸਟਰ/ਬੀ.ਪੀ.ਈ.ਓ./ਜ਼ਿ.ਸਿੱ.ਅ.(ਐ.ਸਿੱ.) ਲਈ

ਜ਼ਿਲ੍ਹਾ ਸਿੱਖਿਆ ਬਲਾਕ : ਸੀ.ਡੀ. ਬਲਾਕ :

ਪਿੰਡ/ ਵਾਰਡ/ ਕਸਬਾ : ਸਕੂਲ ਮੈਨਜਮੈਂਟ ਕਮੇਟੀ ਅਤੇ ਸਕੂਲ ਦਾ ਨਾਂ ਘਰੋਂ ਘਰੀ ਸਰਵੇਖਣ ਦੀ ਮਿਤੀ :

3-6 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ/ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹ ਰਹੇ ਬੱਚੇ/ ਅੰਗਣਵਾੜੀ ਵਿੱਚ ਪੜ੍ਹ ਰਹੇ ਬੱਚਿਆਂ ਦੀ ਸੂਚਨਾਂ

| ਲੜੀ ਨੰ: | ਉਮਰ ਗੁੱਟ | ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਫੋਨ ਨੰਬਰ | ਜਨਮ ਮਿਤੀ | ਉਮਰ | ਲਿੰਗ | | | ਅਧਾਰ ਕਾਰਡ | ਕਿਥੇ ਹਨ (ਹਾਂ ਜਾਂ ਨਹੀਂ) | | | ਜਿਸ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਏ ਗਏ ਹਨ ਨਾਮ ਅਤੇ ਮਿਤੀ |
|---|---|---|---|---|---|---|---|---|---|---|---|---|---|---|---|
| 1. | 3-6 ਸਾਲ ਦੇ ਬੱਚਿਆਂ ਦੀ ਗਿਣਤੀ | | | | | | | ਮੁੰਡਾ | ਕੁੜੀ | ਕੋਈ ਹੋਰ | | ਸਕੂਲੋਂ ਵਿਰਵੇ | ਅੰਗਣਵਾੜੀ | ਪ੍ਰਾਇਵੇਟ ਸਕੂਲ | |
| | | | | | | | | | | | | | | | |
| | | | | | | | | | | | | | | | |
| | | | | | | | | | | | | | | | |
| | | | | | | | | | | | | | | | |
| | | | | | | | | | | | | | | | |

## ਸਾਲ 2023-24 ਦੇ ਸਕੂਲੋਂ ਬਹਾਰ/ ਸਕੂਲੋਂ ਵਿਰਵੇ ਬੱਚਿਆਂ ਲਈ ਘਰੋਂ ਘਰੀ ਸਿੱਖਿਆ ਸਰਵੇਖਣ ਕਰਵਾਉਣ ਲਈ ਪ੍ਰੋਫਾਰਮਾਂ

ਜ਼ਿਲ੍ਹਾ :-　　　　ਸਿੱਖਿਆ ਬਲਾਕ :　　　　ਸੀ.ਡੀ. ਬਲਾਕ :-

| ਲੜੀ ਨੰ | ਸਕੂਲੋਂ ਬਾਹਰ/ ਸਕੂਲ ਨਾਂ ਜਾਂਦੇ ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਬੱਚੇ ਦਾ ਅਧਾਰ ਕਾਰਡ ਨੰ: | ਕੀ ਬੱਚਾ ਪਿੰਡ ਦਾ ਪੱਕਾ ਵਸਨੀਕ ਹੈ ਜਾਂ ਮਾਈਗ੍ਰੇਟ ਹੋ ਕੇ ਆਇਆ ਹੈ। | | ਬੱਚੇ ਦੀ ਜਨਮ ਮਿਤੀ | ਸ੍ਰੈਣੀ (✓ ਜਾਂ × ਕਰੋ) | | | | | ਸਕੂਲੋਂ ਵਿਰਵੇ ਬੱਚੇ ਦਾ ਸਟੇਟਸ (✓ ਜਾਂ × ਕਰੋ) | | CWSN | | | | ਮੁਸਕਲ ਹਲਾਤਾਂ ਵਾਲੇ ਬੱਚੇ | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | ਪੱਕਾ ਵਸਨੀਕ(✓ ਜਾਂ × ਕਰੋ) | ਜੇ ਮਾਈਗ੍ਰੇਟ ਹੈ ਤਾਂ ਕਿਸ ਰਾਜ/ ਜ਼ਿਲ੍ਹੇ ਵਿੱਚੋਂ ਹੈ (ਪੂਰਾ ਪਤਾ ਦੱਸਿਆ ਜਾਵੇ) | | ਜਨਰਲ | ਐਸ.ਟੀ. | ਐਸ.ਸੀ. | ਮੁਸਲਿਮ | ਕੋਈ ਹੋਰ | ਕਦੇ ਵੀ ਦਾਖਲ ਨਹੀਂ ਹੋਇਆ | ਕੀ ਡਰਾਪ ਆਊਟ ਹੈ ਜੇ ਹੈ ਤਾਂ ਕਿਸ ਜਮਾਤ ਵਿੱਚੋਂ | Ortho | Mental | Deaf and Dumb | Blind | ਭਿਖਾਰੀ | ਟੈਂਟ ਹਾਉਸ | ਸੱਲਮ ਏਰੀਆ | ਉਸਾਰੀ ਦੇ ਕੰਮ 'ਚ | ਰੇਲਵੇ ਸਟੇਸ਼ਨਾਂ ਤੇ ਰਹਿੰਦੇ | ਭੱਠਿਆਂ ਤੇ ਰਹਿੰਦੇ | ਅਨਾਥ | ਢਬਿਆਂ ਤੇ ਕੰਮ ਕਰਦੇ | ਸਪੇਸ਼ਲ ਹੋਮਜ਼ ਵਿੱਚ ਰਹਿੰਦੇ |
| 1. | | | | | | | | | | | | | | | | | | | | | | | | | | | |

# ਘਰੋਂ ਘਰੀ ਸਿੱਖਿਆ ਸਰਵੇਖਣ ਦੀ ਸੈਂਪਲ ਚੈਕਿੰਗ ਰਿਪੋਰਟ

ਜ਼ਿਲ੍ਹਾ :- ਸਿੱਖਿਆ ਬਲਾਕ : ਸੀ.ਡੀ. ਬਲਾਕ :-

| ਲੜੀ ਨੰ | ਸਕੂਲੋਂ ਬਾਹਰ/ ਸਕੂਲ ਨਾਂ ਜਾਂਦੇ ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਬੱਚੇ ਦਾ ਅਧਾਰ ਕਾਰਡ ਨੰ: | ਕੀ ਬੱਚਾ ਪਿੰਡ ਦਾ ਪੱਕਾ ਵਸਨੀਕ ਹੈ ਜਾਂ ਮਾਈਗ੍ਰੇਟ ਹੋ ਕੇ ਆਇਆ ਹੈ। | | ਮੌਜੂਦਾ ਪਤਾ | ਸਥਾਈ ਪਤਾ | ਲਿੰਗ (ਐਮ.ਐਫ) | ਜਨਮ ਮਿਤੀ/ਉਮਰ | ਸਬੰਧਤ ਸੀ.ਐਚ.ਟੀ. ਅਧਿਆਪਕ ਦਾ ਨਾਂ ਜਿਸ ਵੱਲੋਂ ਸੈਂਪਲ ਚੈਕਿੰਗ ਕੀਤੀ ਗਈ ਹੈ। | ਸਬੰਧੰਤ ਸੀ.ਐਚ.ਟੀ. ਅਧਿਆਪਕ ਦੇ ਸਕੂਲ ਦਾ ਨਾਂ | ਸੈਂਪਲ ਚੈਕਿੰਗ ਕਰਨ ਦੀ ਮਿਤੀ | ਸ੍ਰੇਣੀ (✓ ਜਾਂ × ਕਰੋ) | | | | | ਸਬੰਧੰਤ ਬੀ.ਪੀ.ਈ.ਓ. ਦਾ ਨਾਂ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|---|---|---|---|---|---|
| | | | | | ਪੱਕਾ ਵਸਨੀਕ(✓ ਜਾਂ × ਕਰੋ) | ਜੇ ਮਾਈਗ੍ਰੇਟ ਹੈ ਤਾਂ ਕਿਸ ਰਾਜ/ ਜ਼ਿਲ੍ਹੇ ਵਿੱਚੋਂ ਹੈ (ਪੂਰਾ ਪਤਾ ਦੱਸਿਆ ਜਾਵੇ) | | | | | | | | ਜਨਰਲ | ਐਸ.ਟੀ. | ਐਸ.ਸੀ. | ਮੁਸਲਿਮ | ਕੋਈ ਹੋਰ | | |
| 1. | | | | | | | | | | | | | | | | | | | | |

# ਬੱਚਿਆਂ ਨੂੰ ਸੂਚੀ ਬੱਧ ਕਰਨ ਦਾ ਰਜਿਸਟਡ

ਜ਼ਿਲ੍ਹਾ :- ਸਿੱਖਿਆ ਬਲਾਕ : ਸੀ.ਡੀ. ਬਲਾਕ :-

| ਲੜੀ ਨੰ | ਪਿੰਡ ਦਾ ਨਾਮ | ਅਬਾਦੀ | ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਬੱਚੇ ਦਾ ਅਧਾਰ ਕਾਰਡ ਨੰ: | ਸ੍ਰੇਣੀ (✓ ਜਾਂ × ਕਰੋ) | | | | | ਸਕੂਲ ਦਾ ਨਾਮ ਜਿਥੇ ਬੱਚਾ ਦਾਖਲ ਹੋਇਆ ਹੈ/ ਪੜ੍ਹਦਾ ਹੈ। | ਸਕੂਲ ਦਾ ਦਾਖਲਾ ਨੰਬਰ | ਸਕੂਲ ਵਿੱਚ ਦਾਖਲ ਹੋਣ ਦੀ ਮਿਤੀ | ਵਿਸ਼ੇਸ਼ ਕਥਨ | ਐਨਲਿਸਟ ਸਰਵੇ ਕਰਨ ਵਾਲੇ ਵਲੰਟੀਅਰ ਦੇ ਪੂਰੇ ਹਸਤਾਖਰ |
|---|---|---|---|---|---|---|---|---|---|---|---|---|---|---|---|---|
| | | | | | | | ਜਨਰਲ | ਐਸ.ਟੀ. | ਐਸ.ਸੀ. | ਮੁਸਲਿਮ | ਕੋਈ ਹੋਰ | | | | | |
| 1. | | | | | | | | | | | | | | | | |

**District Name :** **Time:** **Venue :**

**DEO (EE) Name :** **Contact Number :**

| Sr. No. | Name of BPEO | Contact No. of BPEO | No. of Volunteers under BPEO | No. of Out of School Children Identify with Registration Number of School | Admitted in School (Primary/ Secondary) | | | | | | | | | | Sign of BPEO | Remarks |
|---|---|---|---|---|---|---|---|---|---|---|---|---|---|---|---|---|
| | | | | | 6-19 (Age Group) | | | | | | | | | | | |
| 1 | | | | | | | | | | | | | | | | |
| 2 | | | | | | | | | | | | | | | | |
| 3 | | | | | | | | | | | | | | | | |
| 4 | | | | | | | | | | | | | | | | |
| 5 | | | | | | | | | | | | | | | | |
| 6 | | | | | | | | | | | | | | | | |
| 7 | | | | | | | | | | | | | | | | |
| 8 | | | | | | | | | | | | | | | | |
| 9 | | | | | | | | | | | | | | | | |
| 10 | | | | | | | | | | | | | | | | |
| 11 | | | | | | | | | | | | | | | | |
| 12 | | | | | | | | | | | | | | | | |
| 13 | | | | | | | | | | | | | | | | |

# ਮਾਈਗ੍ਰੇਟ ਬੱਚਿਆਂ ਸਬੰਧੀ ਪ੍ਰੋਫਾਰਮਾ

| ਲੜੀ ਨੰ: | ਉਮਰ ਗੁੱਟ | ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਫੋਨ ਨੰਬਰ | ਜਨਮ ਮਿਤੀ | ਉਮਰ | ਲਿੰਗ | | | ਅਧਾਰ ਕਾਰਡ | ਕੀ ਬੱਚਾ ਰਾਜ ਵਿੱਚ ਮਾਈਗ੍ਰੇਟ ਹੋਇਆ ਹੈ ਜਾਂ ਰਾਜ ਵਿੱਚੋਂ ਕਿਸੇ ਹੋਰ ਰਾਜ ਵਿੱਚ ਮਾਈਗ੍ਰੇਟ ਹੋ ਗਿਆ ਹੈ। | | | ਜਿਸ ਸਕੂਲ ਵਿੱਚ ਦਾਖਲ ਕਰਵਾਏ ਗਏ ਹਨ ਨਾਮ ਅਤੇ ਮਿਤੀ (ਹਾਂ ਜਾ ਨਾਂ) |
|---|---|---|---|---|---|---|---|---|---|---|---|---|---|---|---|
| 1. | 06-19 ਸਾਲ ਦੇ ਬੱਚਿਆਂ ਦੀ ਗਿਣਤੀ | | | | | | | ਮੁੰਡਾ | ਕੁੜੀ | ਕੋਈ ਹੋਰ | | ਰਾਜ ਵਿੱਚੋਂ ਮਾਈਗ੍ਰੇਟ | ਰਾਜ ਵਿੱਚ ਮਾਈਗ੍ਰੇਟ | ਮਾਈਗ੍ਰੇਸ਼ਨ ਦੀ ਮਿਤੀ | ਜੇਕਰ ਹਾਂ ਹੋਵੇ ਤਾਂ ਸਕੂਲ ਵਿੱਚ ਦਾਖਲੇ ਸਬੰਧੀ ਵੇਰਵਾ ਸਪਸ਼ਟ ਕੀਤਾ ਜਾਵੇ |
| | | | | | | | | | | | | | | | |
| | | | | | | | | | | | | | | | |
| | | | | | | | | | | | | | | | |
| | | | | | | | | | | | | | | | |
| | | | | | | | | | | | | | | | |

## <u>ਸਰਟੀਫਿਕੇਟ ਦਾ ਨਮੂਨਾ</u>

ਮੈਂ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)............................ ਇਹ ਤਸਦੀਕ ਕਰਦਾ ਹਾਂ ਕਿ ਮੇਰੇ ਜ਼ਿਲ੍ਹੇ ਦੇ ਬਲਾਕਾਂ ਦੀ ਕੁੱਲ ਗਿਣਤੀ.............................. ਹੈ। ਜਿਸ ਵਿੱਚ ਕੁੱਲ .......................... ਵਲੰਟੀਅਰ ਕੰਮ ਕਰ ਰਹੇ ਹਨ। ਉਹਨਾਂ ਵੱਲੋਂ ਆਪਣੇ ਬਲਾਕਾਂ ਵਿੱਚ 6 ਤੋਂ 19 ਸਾਲ ਵਾਲੇ ਸਕੂਲੋਂ ਵਿਰਵੇ ਬੱਚਿਆਂ ਦੇ ਸਰਵੇਖਣ ਉਪਰੰਤ ਕੁੱਲ ..........................ਬੱਚਿਆਂ ਦੀ ਸ਼ਨਾਖਤ ਕਰਕੇ **e-punjab** ਅਤੇ **PRABANDH Portal** ਤੇ **upload** ਕਰ ਦਿੱਤੇ ਹਨ। ਜੇਕਰ ਇਸ ਵਿੱਚ ਕੋਈ ਵੀ ਗਲਤੀ ਪਾਈ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਮੇਰੀ ਹੋਵੇਗੀ।

ਹਸਤਾਖਰ ਸਟੈਂਪ /

ਫੋਨ ਨੰ :